# मैं तेरे कोलो तैनू मँग लां

ਵਰ ਦੇਵੇਂ ਜੇ, ਇੱਕ ਮੈਨੂੰ ਮਾਂਏਂ,
ਮੈਂ ਤੇਰੇ ਕੋਲੋਂ, ਤੈਨੂੰ ਮੰਗ ਲਾਂ ॥
ਆਸ ਮੇਰੀ ਜੇ, ਇੱਕ ਤੂੰ ਪੁਗਾਏਂ,
ਮੈਂ ਤੇਰੇ ਕੋਲੋਂ, ਤੈਨੂੰ ਮੰਗ ਲਾਂ ।
ਵਰ ਦੇਵੇਂ ਜੇ, ਇੱਕ ਮੈਨੂੰ ਮਾਂਏਂ,,,,,,,,,,,,,

ਦੌਲਤਾਂ ਤੇ ਸ਼ੌਹਰਤਾਂ ਦਾ, "ਰਵ੍ਹੇ ਮੈਨੂੰ ਲੋਭ ਨਾ" ।
ਲਾਲਚਾਂ ਦਾ ਸਾਗਰ ਵੀ, "ਸਕੇ ਮੈਨੂੰ ਡੋਬ ਨਾ" ॥
ਇਸ ਕਾਬਿਲ ਜੇ, ਮੈਨੂੰ ਤੂੰ ਬਣਾਏ ॥,
ਮੈਂ ਤੇਰੇ ਕੋਲੋਂ, ਤੈਨੂੰ ਮੰਗ ਲਾਂ,,,
ਵਰ ਦੇਵੇਂ ਜੇ, ਇੱਕ ਮੈਨੂੰ ਮਾਂਏਂ,,,,,,,,,,,,,

ਛੱਡ ਕੇ ਜਹਾਨ ਸਾਰਾ, "ਤੈਨੂੰ ਹੀ ਮੈਂ ਮੰਗ ਲਾਂ" ।
ਰੋਮ ਰੋਮ ਆਪਣਾ ਮੈਂ, "ਰੰਗ ਤੇਰੇ ਰੰਗ ਲਾਂ" ॥
ਓ ਐਸੀ ਕਿਰਪਾ ਜੇ, ਤੂੰ ਬਰਸਾਏਂ ॥,
ਮੈਂ ਤੇਰੇ ਕੋਲੋਂ, ਤੈਨੂੰ ਮੰਗ ਲਾਂ,,,
ਵਰ ਦੇਵੇਂ ਜੇ, ਇੱਕ ਮੈਨੂੰ ਮਾਂਏਂ,,,,,,,,,,,,,

ਬੱਚੜੇ ਨਿਮਾਣੇ ਦਾ, "ਰੱਖ ਲਈਂ ਤੂੰ ਮਾਣ ਮਾਂ" ।
ਮੰਗਣਾ ਨੀ ਬਹੁਤਾ ਦੇ ਦੇ, "ਇੱਕ ਵਰਦਾਨ ਮਾਂ" ॥
ਮਾਣ ਮੇਰਾ ਜੇ, ਅੱਜ ਤੂੰ ਵਧਾਏਂ ॥,
ਮੈਂ ਤੇਰੇ ਕੋਲੋਂ, ਤੈਨੂੰ ਮੰਗ ਲਾਂ,,,
ਵਰ ਦੇਵੇਂ ਜੇ, ਇੱਕ ਮੈਨੂੰ ਮਾਂਏਂ,,,,,,,,,,,,,

ਕਰ ਮਾਂ ਖ਼ਿਆਲ ਦਿਲ, "ਕਮਲ ਦਾ ਤੋੜੀ ਨਾ" ।
ਆਖਦਾ ਏ ਸਾਗਰ ਤੈਨੂੰ, "ਆਖਾ ਮੇਰਾ ਮੋੜੀ ਨਾ" ॥
ਗੱਲ ਮੇਰੀ ਜੇ, ਮੰਨ ਮਾਂ ਤੂੰ ਜਾਏਂ ॥,
ਮੈਂ ਤੇਰੇ ਕੋਲੋਂ, ਤੈਨੂੰ ਮੰਗ ਲਾਂ,,,
ਵਰ ਦੇਵੇਂ ਜੇ, ਇੱਕ ਮੈਨੂੰ ਮਾਂਏਂ,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27647/title/main-tere-kolo-tainu-mang-la

अपने Android मोबाइल पर BhajanGanga App डाउनलोड करें और भजनों का आनंद ले |